# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)।
2. ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਰ।
3. ਸਮੂਹ ਜ਼ਿਲ੍ਹਾ ਮੈਥ ਕੋਆਰਡੀਨੇਟਰਜ਼।
4. ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ)।

ਮੀਮੋ ਨੰ:ਸਸਅ/ਐਮਸੀ/2011/72763-72823
ਮਿਤੀ,ਚੰਡੀਗੜ੍ਹ 17-5-2011

ਵਿਸ਼ਾ :- ਸਮੂਹ ਸਰਕਾਰੀ ਸਕੂਲਾਂ ਵਿੱਚ ਸਾਰੇ ਵਿਸ਼ਿਆਂ ਦਾ ਗਰਮੀਆਂ ਦੀਆਂ ਛੁੱਟੀਆਂ ਦਾ ਕੰਮ ਦੇਣ ਸਬੰਧੀ।

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਰਾਜ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਗਰਮੀਆਂ ਦੀਆਂ ਛੁੱਟੀਆਂ ਹੋ ਰਹੀਆਂ ਹਨ। ਪਰ ਛੁੱਟੀਆਂ ਦੌਰਾਨ ਇਹ ਜ਼ਰੂਰੀ ਬਣਦਾ ਹੈ ਕਿ ਵਿਦਿਆਰਥੀ ਆਪਣੀ ਪੜ੍ਹਾਈ ਨਾਲ ਜੁੜਿਆ ਰਹੇ ਅਤੇ ਆਲੇ-ਦੁਆਲੇ ਤੋਂ ਵੀ ਅਸਿੱਧੇ ਤੌਰ ਤੇ ਕੁੱਝ ਨਾ ਕੁੱਝ ਸਿੱਖਦਾ ਰਹੇ, ਇਸ ਲਈ ਹਰ ਸਕੂਲ ਦੇ ਮੁੱਖੀ ਅਤੇ ਵਿਸ਼ਾ ਅਧਿਆਪਕ ਯਕੀਨੀ ਬਣਾਏ ਕਿ ਛੁੱਟੀਆਂ ਦਾ ਕੰਮ ਹਰ ਵਿਦਿਆਰਥੀ ਨੂੰ ਨੋਟ ਕਰਵਾਇਆ ਜਾਵੇ ਅਤੇ ਛੁੱਟੀਆਂ ਤੋਂ ਬਾਅਦ ਇਸ ਨੂੰ ਚੈੱਕ ਕੀਤਾ ਜਾਵੇ।

3.0 ਛੇਵੀਂ ਤੋਂ ਬਾਰ੍ਹਵੀਂ ਜਮਾਤਾਂ ਤੱਕ ਦੀਆਂ ਸਾਰੀਆਂ ਜਮਾਤਾਂ ਲਈ ਛੁੱਟੀਆਂ ਦਾ ਕੰਮ ਹੇਠ ਲਿਖੇ ਅਨੁਸਾਰ ਦਿੱਤਾ ਜਾ ਸਕਦਾ ਹੈ :-

3.1 ਛੁੱਟੀਆਂ ਦਾ ਕੰਮ ਅਪ੍ਰੈਲ, ਮਈ ਵਿੱਚ ਕਰਵਾਏ ਗਏ ਸਿਲੇਬਸ ਵਿੱਚੋਂ ਜੇਕਰ ਕੋਈ ਐਕਟੀਵਿਟੀ ਨਾਲ ਸਬੰਧਤ ਹੈ ਜਾਂ ਕੋਈ ਪ੍ਰੋਜੈਕਟ/ਅਸਾਈਮੈਂਟ ਬਣਦੀ ਹੈ ਤਾਂ ਮੈਥ, ਸਾਇੰਸ ਵਿਸ਼ਿਆਂ ਲਈ ਸਾਇੰਸ, ਮੈਥ ਦੀ ਐਕਟੀਵਿਟੀ ਨੋਟ ਬੁੱਕ ਤੇ (ਛੇਵੀਂ ਤੋਂ ਅੱਠਵੀਂ ਜਮਾਤਾਂ ਤੱਕ) ਕਰਨ ਲਈ ਦਿੱਤਾ ਜਾਵੇ ਅਤੇ ਦੂਜੇ ਵਿਸ਼ਿਆਂ ਲਈ ਸਬੰਧਤ ਵਿਸ਼ਾ ਅਧਿਆਪਕ ਗਾਇਡ ਕਰ ਸਕਦਾ ਹੈ।

3.2 ਸਾਇੰਸ ਵਿਸ਼ੇ ਦੇ ਸਬੰਧਤ ਚਾਰਟ ਜਾਂ ਕੋਈ ਛੋਟਾ ਜਿਹਾ ਪ੍ਰੋਜੈਕਟ, ਕੋਲੈਕਸ਼ਨ ਆਦਿ ਜਾਂ ਸਾਇੰਸ ਪ੍ਰਤੀ ਕੋਈ ਦਿਲਚਸਪੀ ਖ਼ਬਰਾਂ ਜਾਂ ਸਾਇੰਸ ਦੀਆਂ ਨਵੀਆਂ ਖੋਜਾਂ ਬਾਰੇ ਸੂਚਨਾ ਇੱਕਠੀ ਕੀਤੀ ਜਾਵੇ।

3.3 ਰੋਜ਼ਾਨਾ ਅਖ਼ਬਾਰਾਂ ਦੀਆਂ ਖ਼ਬਰਾਂ ਪੜ੍ਹ ਕੇ ਕੋਈ ਇੱਕ ਖ਼ਬਰ ਦਾ ਹੈਡਿੰਗ ਵੱਖਰੀ ਕਾਪੀ ਤੇ ਨੋਟ ਕਰਨ ਲਈ ਕਿਹਾ ਜਾ ਸਕਦਾ ਹੈ ਜਾਂ ਸੁੰਦਰ ਲਿਖਾਈ ਲਿਖਣ ਵਾਸਤੇ ਵੱਖਰੀ ਕਾਪੀ ਤੇ ਕੰਮ ਵੀ ਦਿੱਤਾ ਜਾ ਸਕਦਾ ਹੈ।

3.4 ਜੇਕਰ ਵਿਦਿਆਰਥੀ ਛੁੱਟੀਆਂ ਵਿੱਚ ਕਿਧਰੇ ਘੁੰਮਣ ਗਿਆ ਹੋਵੇ ਤਾਂ ਉੱਥੋਂ

ਚਲਦਾ ਪੰਨਾ......

ਦੀ ਭੂਗੋਲਿਕ ਸਥਿਤੀ, ਮਿੱਟੀ ਦੀਆਂ ਕਿਸਮਾਂ, ਉੱਥੋਂ ਦੇ ਚੱਲ ਰਹੇ ਪ੍ਰਚਲਿਤ ਧੰਦਿਆਂ, ਸਭਿਆਚਾਰ ਆਦਿ ਬਾਰੇ ਤੱਥ ਇੱਕਠੇ ਕਰਕੇ ਉਸ ਨੂੰ ਇਸ ਸਬੰਧੀ ਲਿਖ ਕੇ ਲਿਆਉਣ ਲਈ ਕਿਹਾ ਜਾਵੇ।

3.5 ਇਸ ਸਬੰਧੀ ਵਿਦਿਆਰਥੀਆਂ ਨੂੰ ਇਹ ਜ਼ਰੂਰ ਦੱਸਿਆ ਜਾਵੇ ਕਿ ਛੁੱਟੀਆਂ ਲਈ ਦਿੱਤੇ ਕੰਮ ਅਤੇ ਘਰੇ ਦਿੱਤੇ ਜਾਣ ਵਾਲੇ ਕੰਮ ਦਾ ਮੁਲਾਂਕਣ ਉਨ੍ਹਾਂ ਦੀ ਸਲਾਨਾ ਪ੍ਰੀਖਿਆ ਦੇ ਨਤੀਜਿਆਂ ਵਿੱਚ ਜੋੜਿਆ ਜਾਵੇਗਾ।

3.6 ਵਿਦਿਆਰਥੀਆਂ ਨੂੰ ਲਾਇਬ੍ਰੇਰੀ ਵਿੱਚੋਂ ਪੜ੍ਹਨ ਲਈ ਕਿਤਾਬਾਂ ਜਾਰੀ ਕੀਤੀਆਂ ਜਾਣ ਅਤੇ ਪੜ੍ਹੀਆਂ ਕਿਤਾਬਾਂ ਸਬੰਧੀ ਵਿਦਿਆਰਥੀ ਆਪਣੀ ਟਿੱਪਣੀ ਜ਼ਰੂਰ ਲਿਖ ਕੇ ਲਿਆਉਣ।

3.7 ਨੈਤਿਕ ਕਦਰਾਂ ਕੀਮਤਾਂ ਸਬੰਧੀ ਕੋਈ ਕਹਾਣੀ, ਕਵਿਤਾ, ਲੇਖ ਘਰੋਂ ਲਿਖ ਕੇ ਲਿਆਉਣ ਲਈ ਵਿਦਿਆਰਥੀਆਂ ਨੂੰ ਕਿਹਾ ਜਾਵੇ।

3.8 ਜਿਸ ਵਿਦਿਆਰਥੀ ਨੇ ਸਭ ਤੋਂ ਜ਼ਿਆਦਾ ਕਿਤਾਬਾਂ ਛੁੱਟੀਆਂ ਦੌਰਾਨ ਪੜ੍ਹੀਆਂ ਹੋਣ ਉਨ੍ਹਾਂ ਵਿਦਿਆਰਥੀਆਂ ਦੇ ਨਾਂ, ਅਧਿਆਪਕਾਂ ਦੁਆਰਾ ਸਕੂਲ ਰਿਕਾਰਡ ਵਿੱਚ ਜ਼ਰੂਰ ਰੱਖੇ ਜਾਣ ਅਤੇ ਸਵੇਰ ਦੀ ਸਭਾ ਦੌਰਾਨ ਉਨ੍ਹਾਂ ਦਾ ਜਿਕਰ ਜ਼ਰੂਰ ਕੀਤਾ ਜਾਵੇ।

4.0 ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ,ਚੰਡੀਗੜ੍ਹ